Weekly

# CANADA SIKH TIMES

10 - 16 December, 2023

ਕੈਨੇਡਾ ਸਿੱਖ ਟਾਈਮਜ਼

Volume 1 Issue 28



## New World Bank Chief Hails COP Momentum as Climate Pledges Mount



Six months after becoming president of the World Bank, Ajay Banga is seizing all the momentum he can at COP28.

World leaders spent the first three days at the climate conference unveiling a string of announcements from cutting methane emissions to ramping up the flow of money to poorer countries. The World Bank has been involved in many of those deals.

The World Bank has for years struggled to mobilize the vast sums of money needed to help the developing world adapt to climate change and transition to renewables. Critics have said it has been too slow to get cash out the door and too focused on country-specific lending rather than addressing broader challenges like climate change.

Banga said he's focused on the here and now.

"I never worry about something like that, said Banga. "I control what I can control. What's the point?"

## ਵਾਤਾਵਰਣ ਨੂੰ ਸੰਭਾਲਣ ਲਈ 'ਈਕੋਸਿੱਖ' ਸੰਗਠਨ ਦੀਆਂ ਗਤੀਵਿਧੀਆਂ ਲਗਾਤਾਰ ਜਾਰੀ




ਅਮਰੀਕਾ ਅਧਾਰਿਤ ਵਾਤਾਵਰਨ ਸਬੰਧੀ ਸਿੱਖ ਸੰਗਠਨ 'ਈਕੋਸਿੱਖ' ਨੇ 850 'ਪਵਿੱਤਰ ਜੰਗਲਾਂ' ਵਿੱਚ ਬੂਟੇ ਲਾਉਣ ਦਾ ਕਾਰਜ ਪੂਰਾ ਕਰ ਲਿਆ ਹੈ। ਕੈਨੇਡਾ, ਯੂਕੇ, ਆਇਰਲੈਂਡ ਅਤੇ ਅਮਰੀਕਾ ਵਿੱਚ ਵੀ 'ਈਕੋਸਿੱਖ' ਦੀਆਂ ਸ਼ਾਖਾਵਾਂ ਹਨ। ਸੰਗਠਨ ਵੱਲੋਂ ਹੁਣ ਦੁਬਈ ਵਿੱਚ ਹੋਣ ਵਾਲੇ ਸੰਯੁਕਤ ਰਾਸ਼ਟਰ ਜਲਵਾਯੂ ਸਿਖਰ ਸੰਮੇਲਨ ਵਿੱਚ ਇਸ ਸਬੰਧੀ ਪ੍ਰਗਤੀ ਰਿਪੋਰਟ ਅਤੇ ਕਾਰਜ ਯੋਜਨਾ ਪੇਸ਼ ਕੀਤੀ ਜਾਵੇਗੀ। ਉਨ੍ਹਾਂ ਨੂੰ ਸੀਓਪੀ28 ਦੇ ਸੀਈਓ ਅਦਨਾਨ ਜ਼ੈੱਡ. ਆਮੀਨ ਵੱਲੋਂ "ਸ਼ਹਿਰੀ ਗਿਆਨ, ਸਵਦੇਸ਼ੀ ਗਿਆਨ ਅਤੇ ਭਵਿੱਖੀ ਸ਼ਹਿਰਾਂ ਦਾ ਸ਼ਾਸਨ" ਨਾਮੀ ਇੱਕ ਪੈਨਲ ਨੂੰ ਸੰਬੋਧਨ ਕਰਨ ਲਈ ਸੱਦਾ ਦਿੱਤਾ ਗਿਆ ਹੈ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ 'ਈਕੋਸਿੱਖ' ਨੇ ਲੁਧਿਆਣਾ ਦੇ ਕੇਂਦਰੀ ਹਿੱਸੇ ਵਿੱਚ 1313 ਬੂਟੇ ਲਾ ਕੇ 850ਵਾਂ ਪਵਿੱਤਰ ਜੰਗਲ ਤਿਆਰ ਕੀਤਾ ਹੈ। ਈਕੋਸਿੱਖ ਦੁਬਈ ਵਿੱਚ ਵੱਖ-ਵੱਖ ਹਿੱਤਧਾਰਕਾਂ ਦੀ ਮੀਟਿੰਗ ਵਿੱਚ ਆਪਣੀ ਪ੍ਰਗਤੀ ਰਿਪੋਰਟ ਅਤੇ ਕਾਰਜ ਯੋਜਨਾ ਪੇਸ਼ ਕਰੇਗੀ। ਦੁਬਈ ਵਿੱਚ ਹੋਣ ਵਾਲਾ ਸੀਓਪੀ28 ਸੰਮੇਲਨ ਇਸ ਸਾਲ ਸਭ ਤੋਂ ਵੱਡੇ ਅਤੇ ਅਹਿਮ ਇਕੱਠਾਂ ਵਿੱਚੋਂ ਇੱਕ ਹੋਵੇਗਾ, ਜਿਸ ਵਿੱਚ 60 ਹਜ਼ਾਰ ਤੋਂ 80 ਹਜ਼ਾਰ ਤੱਕ ਡੈਲੀਗੇਟਾਂ ਤੇ 140 ਤੋਂ ਵੱਧ ਮੁਲਕਾਂ ਦੇ ਮੁਖੀਆਂ ਦੇ ਸ਼ਾਮਲ ਹੋਣ ਦੀ ਉਮੀਦ ਹੈ।

## ਫੱਸਣਾ ਬੇਮੁਖ ਹੋਣਾ ਹੈ




ਅੱਜ ਅਸੀਂ ਸਾਰੇ ਸਾਰੇ 21ਵੀਂ ਸਦੀ ਵਿਚ ਜੀਓ ਰਹੇ ਹਾਂ। ਇਹ ਆਧੁਨਿਕ ਯੁੱਗ ਤਰਕ, ਵਿਚਾਰ-ਵਿਗਿਆਨ ਤੇ ਦਲੀਲ ਭਰਪੂਰ ਹੈ। ਇਸ ਯੁੱਗ ਵਿਚ ਇਕੋ-ਇਕ ਅਜਿਹਾ ਧਰਮ— ਸਿੱਖ ਧਰਮ ਹੈ ਜਿਹੜਾ ਇਨ੍ਹਾਂ ਸੰਕਲਪਾਂ ਨੂੰ ਪੂਰਾ ਕਰਦਾ ਹੈ ਕਿਉਂਕਿ ਸਿੱਖ ਧਰਮ ਦਾ ਅਧਾਰ ਹੀ ਤਰਕ ਤੇ ਦਲੀਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੀਵਨ ਦੇ ਹਰ ਪੱਖ ਨੂੰ ਬਹੁਤ ਤਰਕ ਭਰਪੂਰ ਤੇ ਦਲੀਲਮਈ ਢੰਗ ਨਾਲ ਵਿਚਾਰਿਆ ਤੇ ਸਮਝਾਇਆ ਗਿਆ ਹੈ। ਪਰ ਚਿੰਤਾ ਦੀ ਗੱਲ ਇਹ ਹੈ ਕਿ ਸਿੱਖ ਧਰਮ ਵਿਚ ਕੁਝ ਪਾਖੰਡੀਆਂ, ਬਾਬਿਆਂ ਨੇ ਸਿੱਖਾਂ ਨੂੰ ਧਰਮ ਤੋਂ ਦੂਰ ਕਰਨ ਦਾ ਇਕ ਨਵਾਂ ਰਾਹ ਤਿਆਰ ਕਰ ਲਿਆ ਹੈ, ਜੋ ਕਿ ਕਰਾਮਾਤਾਂ, ਕਰਮਕਾਂਡਾ, ਅੰਧਵਿਸ਼ਵਾਸਾਂ ਤੇ ਦੇਹਧਾਰੀ ਗੁਰੂਆਂ ਨਾਲ ਭਰਿਆ ਹੈ। ਇਸ ਰਾਹ ਤੇ ਜਾਕੇ ਕਰਮਕਾਂਡਾ ਵਿਚ ਫਸਣਾ ਗੁਰੂ ਤੋਂ ਬੇਮੁਖ ਹੋਣ ਦੇ ਬਰਾਬਰ ਹੈ, ਕਿਉਂਕਿ ਗੁਰੂ ਸਾਹਿਬਾਨ ਨੇ ਲੋਕਾਈ ਨੂੰ ਇਹਨਾਂ ਕਰਮਕਾਂਡਾ ਤੇ ਅੰਧਵਿਸ਼ਵਾਸਾਂ ਚੋਂ ਬਾਹਰ ਕਢਣ ਲਈ ਉਦਾਸੀਆਂ (ਪ੍ਰਚਾਰਕ ਦੌਰੇ) ਕੀਤੀਆਂ, ਸ਼ਹਾਦਤਾਂ ਦਿੱਤੀਆਂ ਪਰ ਅਸੀਂ ਇਹ ਸਭ ਨਜ਼ਰੰਦਾਜ਼ ਕਰਦਿਆਂ ਹੋਇਆਂ ਕੁਰਾਹੇ ਪੈ ਗਏ ਹਾਂ। ਆਓ ਭੁੱਲਾਂ ਬਖਸ਼ਾ ਕੇ ਮੁੜ ਰਾਹੇ ਪਈਏ ਤੇ ਗੁਰੂ ਤੋਂ ਬਖਸ਼ਿਸ਼ਾਂ ਪ੍ਰਾਪਤ ਕਰੀਏ। – ਪੁਸਤਕ ਆਗਾਹਾ ਕੂ ਤ੍ਰਾਘਿ 'ਚੋਂ

# DESH VIDESH

ਪੁਸਤਕ ਪੜਚੋਲ

## 'ਨਵਾਂ ਤੇ ਵੱਡਾ ਮਹਾਨ ਕੋਸ਼'

– ਜਗਦੀਸ਼ ਕੌਰ ਪ੍ਰਯਾਗਰਾਜ (ਅਲਾਹਾਬਾਦ)

1927 ਵਿਚ ਪੰਥ ਰਤਨ ਭਾਈ ਕਾਨ੍ਹ ਸਿੰਘ ਨਾਭਾ ਜੀ ਨੇ 14 ਸਾਲ ਤੋਂ ਵਧ ਸਮੇਂ ਦੀ ਮਿਹਨਤ ਨਾਲ ਆਪਣਾ ਸ਼ਾਹਕਾਰ 'ਮਹਾਨ ਕੋਸ਼' ਤਿਆਰ ਕੀਤਾ ਸੀ। ਉਹ ਵੀਹਵੀਂ ਸਦੀ ਦੀ ਸਭ ਤੋਂ ਮਹੱਤਵਪੂਰਨ ਰਚਨਾ ਸੀ। ਗਿਆਨ ਦਾ ਇਤਨਾ ਵੱਡਾ ਖ਼ਜ਼ਾਨਾ (ਕੋਸ਼) ਜਿਸ ਵਿਚ ਲਗਭਗ 64263 ਇੰਰਾਜ (ਐਂਟਰੀਆਂ) ਸਨ। ਹਾਲਾਂਕਿ ਉਸ ਤੋਂ ਪਹਿਲਾਂ ਤਾਰਾ ਸਿੰਘ ਨਰੋਤਮ ਦਾ 'ਗੁਰੂ ਗ੍ਰੰਥ ਗਿਰਾਰਥ ਕੋਸ਼' (1895) ਅਤੇ ਹਜ਼ਾਰਾ ਸਿੰਘ ਦਾ 'ਸ੍ਰੀ ਗੁਰੂ ਗ੍ਰੰਥ ਕੋਸ਼' (1899) ਮੌਜੂਦ ਸਨ। ਪਰ ਉਨ੍ਹਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਕੁਝ ਗਿਣਤੀ ਦੇ ਸ਼ਬਦਾਂ ਦੀ ਵਿਆਖਿਆ ਕੀਤੀ ਹੋਈ ਸੀ। ਭਾਈ ਕਾਨ੍ਹ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਆਏ ਲਗਭਗ ਹਰ ਇਕ ਸ਼ਬਦ ਦਾ ਅਰਥ ਤੇ ਕਈਆਂ ਦਾ ਪਿਛੋਕੜ ਵੀ ਬਿਆਨ ਕੀਤਾ ਹੋਇਆ ਸੀ। ਉਨ੍ਹਾਂ ਨੇ ਬਹੁਤ ਸਾਰੇ ਸਿੱਖ ਸ਼ਹੀਦਾਂ ਅਤੇ ਨੇਤਾਵਾਂ ਸਬੰਧੀ ਐਂਟਰੀਆਂ ਵੀ ਲਿਖੀਆਂ ਸਨ। ਉਨ੍ਹਾਂ ਦੇ ਕੋਸ਼ ਵਿਚ 700 ਤੋਂ ਵਧ ਇਤਿਹਾਸਕ ਗੁਰਦੁਆਰਿਆ ਬਾਰੇ ਜਾਣਕਾਰੀ ਵੀ ਸੀ (ਪਰ ਭਾਈ ਸਾਹਿਬ ਦੇ ਆਪਣੇ ਲਿਖੇ ਮੁਖਬੰਦ ਅਨੁਸਾਰ ਇਹ ਜਾਣਕਾਰੀ ਪ੍ਰਦੁਮਣ ਸਿੰਘ ਬੱਡੋਂ ਦੀ ਲਿਖੀ ਹੋਈ ਸੀ, ਜਿਸ ਨੂੰ ਨਾਭਾ ਸਰਕਾਰ ਨੇ ਮਹਾਨ ਕੋਸ਼ ਵਿਚ ਦਰਜ ਕਰਨ ਲਈ ਗੁਰਦੁਆਰਿਆਂ ਬਾਰੇ ਜਾਣਕਾਰੀ ਇਕੱਠੀ ਕਰਨ ਵਾਸਤੇ ਤਨਖ਼ਾਹ 'ਤੇ ਰੱਖਿਆ ਸੀ)। ਮਹਾਨ ਕੋਸ਼ ਪੰਜਾਬੀ ਸਾਹਿਬ ਅਤੇ ਪੰਜਾਬ ਵਾਸਤੇ ਨਿਸ਼ਚੇ ਹੀ ਵੀਹਵੀਂ ਸਦੀ ਦੀ ਸਭ ਤੋਂ ਮਹੱਤਵਪੂਰਨ ਰਚਨਾ ਸੀ।

ਇਕ ਸੌ ਸਲ ਬੀਤਣ ਮਗਰੋਂ ਬਹੁਤ ਕੁਝ ਬਦਲ ਚੁਕਾ ਸੀ। ਇਸ ਕਰ ਕੇ ਇਸ ਮਹਾਨ ਕੋਸ਼ ਦੀ ਸੁਧਾਈ ਦੀ ਬਹੁਤ ਵੱਡੀ ਲੋੜ ਸੀ। ਪਰ, ਏਨਾ ਵੱਡਾ ਕਦਮ ਉਠਾਉਣ ਵਾਸਤੇ ਇਕ ਵਿਸ਼ੇਸ਼ ਵਿਭਾਗ ਦੀ ਲੋੜ ਸੀ, ਜੋ ਭਾਸ਼ਾ ਵਿਭਾਗ ਜਾਂ ਪੰਜਾਬੀ ਯੂਨੀਵਰਸਿਟੀ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗਾ ਅਦਾਰਾ ਕਰ ਸਕਦਾ ਸੀ। ਇਨ੍ਹਾਂ ਤਿੰਨਾਂ ਵਿਚੋਂ ਕਿਸੇ ਨੇ ਵੀ ਇਹ ਹਿੰਮਤ ਨਾ ਕੀਤੀ। ਸ਼ਾਇਦ ਉਸ ਦਾ ਕਾਰਨ ਇਹ ਸੀ ਕਿ ਕਿਸੇ ਯੂਨੀਵਰਸਿਟੀ ਵਿਚ ਭਾਈ ਕਾਨ੍ਹ ਸਿੰਘ ਨਾਭਾ ਜਿੱਡੀ ਹਸਤੀ ਮੌਜੂਦ ਨਹੀਂ ਸੀ ਜੋ ਏਡੇ ਵੱਡੇ ਕਾਰਜ ਦਾ ਬੀੜਾ ਚੁਕ ਸਕਦੀ। ਇਸ ਕਾਰਜ ਵਾਸਤੇ ਇਕੱਲਾ ਇਕ ਮੁਖੀ ਹੀ ਨਹੀਂ ਬਲਕਿ ਘਟੋ ਘਟ ਅੱਠ ਦੱਸ ਰੀਸਰਚ ਸਕਾਲਰਾਂ ਦੀ ਟੀਮ ਦੀ ਲੋੜ ਸੀ ਅਤੇ ਸ਼ਾਇਦ ਕਰੋੜਾਂ ਰੁਪੈ ਦੇ ਫ਼ੰਡ ਵੀ ਲੋੜੀਂਦੇ ਸਨ। ਇਸ ਕਰ ਕੇ ਇਹ ਪ੍ਰਾਜੈਕਟ ਸ਼ੁਰੂ ਨਾ ਹੋ ਸਕਿਆ।

ਪਰ, ਕਹਿੰਦੇ ਨੇ ਪ੍ਰਮਾਤਮਾ ਨੇ ਕੁਝ ਕੰਮ ਵਿਸ਼ੇਸ਼ ਵਿਅਕਤੀਆਂ ਵਾਸਤੇ ਰਾਖਵੇਂ ਰੱਖੇ ਹੁੰਦੇ ਹਨ ਜਿਵੇਂ ਉਸ ਨੇ 'ਮਹਾਨ ਕੋਸ਼' ਵਰਗੀ ਮਹਾਨ ਰਚਨਾ ਵਾਸਤੇ ਭਾਈ ਕਾਨ੍ਹ ਸਿੰਘ ਜੀ ਨਾਭਾ ਨੂੰ ਇਸ ਧਰਤੀ 'ਤੇ ਭੇਜਿਆ ਸੀ। ਭਾਈ ਕਾਨ੍ਹ ਸਿੰਘ ਜੀ ਨੇ ਬਹੁਤ ਵੱਡੀ ਸਰਕਾਰੀ ਨੌਕਰੀ ਨੂੰ ਛੱਡ ਕੇ ਇਸ ਮਹਾਨ ਸੇਵਾ ਵਿਚ ਜੁਟ ਗਏ ਸਨ। ਉਨ੍ਹਾਂ ਦੀ ਖ਼ੁਸ਼ਕਿਸਮਤੀ ਕਿ ਨਾਭਾ ਸਰਕਾਰ ਨੇ ਉਨ੍ਹਾਂ ਨੂੰ ਆਰਥਕ ਪੱਖ ਤੋਂ ਬੜੀ ਵੱਡੀ ਮਦਦ ਦਿੱਤੀ ਸੀ ਅਤੇ ਮਗਰੋਂ ਛਾਪਣ ਵਾਸਤੇ ਪਟਿਆਲਾ ਰਿਆਸਤ ਨੇ ਹਜ਼ਾਰਾਂ ਰੁਪੈ ਭੇਟ ਕੀਤੇ ਸਨ। ਭਾਵੇਂ ਸਰਕਾਰਾਂ ਨੇ ਉਨ੍ਹਾਂ ਦੀ ਆਰਥਕ ਸਹਾਇਤਾ ਕੀਤੀ ਸੀ, ਪਰ ਇਹ ਮਹਾਨ ਰਚਨਾ ਦੀ ਮਿਹਨਤ ਤਾਂ ਉਨ੍ਹਾਂ ਦੀ ਆਪਣੀ ਸੀ।

ਲਗਭਗ ਇਸ ਸੌ ਸਾਲ ਤਕ ਮਹਾਨ ਕੋਸ਼ ਤੋਂ ਅਗਲੇਰਾ ਕਾਰਜ ਨਾ ਹੋ ਸਕਿਆ। ਅਖ਼ੀਰ ਪ੍ਰਮਾਤਮਾ ਨੇ ਇਸ ਸੇਵਾ ਵਾਸਤੇ ਇਕ ਹੋਰ ਵਿਅਕਤੀ ਹਰਜਿੰਦਰ ਸਿੰਘ ਦਿਲਗੀਰ ਨੂੰ ਪੈਦਾ ਕੀਤਾ। ਉਸ ਨੇ ਵੀ ਬੜੀ ਕੋਸ਼ਿਸ਼ ਕੀਤੀ ਕਿ ਕੋਈ ਯੂਨੀਵਰਸਿਟੀ ਉਸ ਨੂੰ ਇਸ ਵਾਸਤੇ ਸਹਿਯੋਗ ਦੇਵੇ ਪਰ ਸਰਕਾਰੀ ਅਦਾਰਿਆਂ ਦੇ ਆਪਣੇ ਤਰੀਕੇ ਹੀ ਹੁੰਦੇ ਹਨ। ਉੱਥੇ ਫ਼ੈਸਲੇ ਕਿਸੇ ਅਲੌਕਿਕ ਤਰੀਕੇ ਨਾਲ ਹੀ ਹੋਇਆ ਕਰਦੇ ਹਨ। ਇਸ ਕਰ ਕੇ ਕਿਸੇ ਅਦਾਰੇ ਨੇ ਉਸ ਦੀ ਬਾਂਹ ਨਾ ਫੜੀ ਤੇ ਅਖ਼ੀਰ ਉਹ ਆਪ ਹੀ ਇਸ ਨਿਸ਼ਾਨੇ ਨੂੰ ਪੂਰਾ ਕਰ ਵਾਸਤੇ ਠਿਲ੍ਹ ਪਿਆ। ਅਪ੍ਰੈਲ 2022 ਵਿਚ ਦਿਲਗੀਰ ਨੇ 'ਨਵਾਂ ਤੇ ਵੱਡਾ ਮਹਾਨ ਕੋਸ਼' ਲੋਕਾਂ ਦੇ ਅਰਪਣ ਕਰ ਦਿੱਤਾ।

ਦਿਲਗੀਰ ਅਨੁਸਾਰ ਉਸ ਨੇ ਇਹ ਕਾਰਜ ਵੱਖ-ਵੱਖ ਪੜਾਵਾਂ ਵਿਚ ਲਗਭਗ 35 ਸਾਲ ਵਿਚ ਮੁਕੰਮਲ ਕੀਤਾ ਸੀ। ਉਹ ਪਹਿਲਾਂ ਸੰਨ 1997 ਵਿਚ 'ਸਿੱਖ ਰੈਫ਼ਰੈਂਸ ਬੁਕ' ਛਾਪ ਚੁਕਾ ਸੀ ਜਿਸ ਵਿਚ ਲਗਭਗ 2500 ਜੀਵਨੀਆਂ, 800 ਇਤਿਹਾਸਕ ਗੁਰਦੁਆਰਿਆਂ ਅਤੇ ਚਾਰ ਪੰਜ ਸੌ ਸਿਧਾਂਤਕ ਨੁਕਤਿਆਂ ਸਬੰਧੀ ਵੇਰਵਾ ਸੀ। ਉਸ ਪੁਸਤਕ ਨੇ ਦਿਲਗੀਰ ਦੇ 'ਨਵੇਂ ਤੇ ਵੱਡੇ ਮਹਾਨ ਕੋਸ਼' ਦੀ ਨੀਂਹ ਰੱਖ ਦਿੱਤੀ ਸੀ। ਸਿੱਖ ਇਤਿਹਾਸ ਵਾਸਤੇ ਉਸ ਨੇ ਸੰਨ 1978 ਵਿਚ 'ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ' ਲਿਖ ਕੇ ਬਹੁਤ ਸਮੱਗਰੀ ਇਕੱਠੀ ਕਰ ਲਈ ਹੋਈ ਸੀ। ਫਿਰ ਉਹ ਪੰਜ ਜਿਲਦਾਂ ਵਿਚ 'ਸਿੱਖ ਤਵਾਰੀਖ਼' (ਪੰਜਾਬੀ ਵਿਚ) ਅਤੇ ਦਸ ਜਿਲਦਾਂ ਵਿਚ 'ਸਿੱਖ ਹਿਸਟਰੀ' (ਅੰਗਰੇਜ਼ੀ ਵਿਚ) ਲਿਖ ਚੁਕਾ ਸੀ। ਇਸ ਤਰ੍ਹਾਂ ਉਸ ਕੋਲ ਜੀਵਨੀਆਂ ਅਤੇ ਇਤਿਹਾਸ ਅਤੇ ਗੁਰਦੁਆਰਿਆਂ ਬਾਰੇ ਬਹੁਤ ਸਮੱਗਰੀ ਮੌਜੂਦ ਸੀ।

ਉਸ ਦੇ 'ਨਵਾਂ ਤੇ ਵੱਡਾ ਮਹਾਨ ਕੋਸ਼' ਦੇ ਵੱਡੇ ਆਕਾਰ ਦੇ 2748 ਪੰਨਿਆਂ ਵਿਚ ਵਿਚ ਇਕ ਲੱਖ ਤੋਂ ਵਧ ਐਂਟਰੀਆਂ ਹਨ। ਇਨ੍ਹਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਹਰ ਇਕ ਸ਼ਬਦ ਦਾ ਵਿਸਥਾਰ ਸਹਿਤ ਬਿਆਨ ਕੀਤਾ ਹੋਇਆ ਹੈ। ਇਸ ਬਿਆਨ ਦੇ ਨਾਲ ਉਸ ਨੇ ਉਹ ਸ਼ਬਦ ਹੀ ਨਹੀਂ ਬਲਕਿ ਗੁਰੂ ਗ੍ਰੰਥ ਸਾਹਿਬ ਵਿਚ ਉਸ ਵਰਗੇ ਕਈ ਕਈ ਸ਼ਬਦ ਦਿੱਤੇ ਹਨ, ਅਤੇ, ਇਨ੍ਹਾਂ ਸਰਿਆਂ ਦੇ ਪੰਨਿਆਂ ਦੇ ਨੰਬਰ ਵੀ ਦਿੱਤੇ ਹਨ (ਭਾਈ ਕਾਨ੍ਹ ਸਿੰਘ ਨੇ ਕਿਸੇ ਸ਼ਬਦ ਦਾ ਵੀ ਪੰਨਾ ਨੰਬਰ ਨਹੀਂ ਦਿੱਤਾ ਜਿਸ ਕਰ ਕੇ ਉਸ ਸ਼ਬਦ ਦੀ ਭਾਲ ਕਰਨੀ ਔਖੀ ਸੀ। ਦਿਲਗੀਰ ਨੇ ਸਾਰੇ ਸਿਖ ਇਤਿਹਾਸਕ ਗੁਰਦੁਆਰਿਆਂ ਦਾ ਇਤਿਹਾਸ ਵੀ ਦਿੱਤਾ ਹੈ। ਉਸ ਨੇ ਲਗਭਗ 1000 ਗੁਰਦੁਆਰਿਆਂ ਦਾ ਇਤਿਹਾਸ ਦਿੱਤਾ ਹੈ ਅਤੇ ਲਗਭਗ ਸਾਰੇ ਗੁਰਦੁਆਰਿਆਂ ਦੀਆਂ ਤਸਵੀਰਾਂ ਵੀ ਦਿੱਤੀਆਂ ਹਨ। ਉਸ ਦੇ ਆਪਣੇ ਕਹਿਣ ਅਨੁਸਾਰ ਉਸ ਨੇ ਲਗਭਗ 6 ਮਹੀਨੇ ਕਾਰ ਰਾਹੀਂ ਸਾਰੇ ਭਾਰਤ ਦਾ ਦੌਰਾ ਕਰ ਕੇ ਗੁਰਦੁਆਰਿਆਂ ਦਾ ਇਤਿਹਾਸ ਇਕੱਠਾ ਕੀਤਾ। ਭਾਈ ਉਸ ਨੇ ਬਹੁਤ ਗੁਰਦੁਆਰਿਆਂ ਦੇ ਆਪ ਦਰਸ਼ਨ ਕੀਤੇ ਸਨ ਜਿਸ ਦਾ ਪ੍ਰਮਾਣ ਇਹ ਹੈ ਕਿ ਬਹੁਤ ਸਾਰੀਆਂ ਤਸਵੀਰਾਂ ਵਿਚ ਉਹ ਆਪ ਖੜ੍ਹਾ ਨਜ਼ਰ ਵੀ ਆਉਂਦਾ ਹੈ। ਉਸ ਨੇ ਗੁਰਦੁਆਰਿਆਂ ਦਾ ਪੂਰਾ ਪਤਾ, ਜ਼ਿਲ੍ਹਾ, ਤਹਿਸੀਲ, ਵੱਡੇ ਸ਼ਹਿਰਾਂ ਤੋਂ ਫ਼ਾਸਲਾ ਆਦਿ ਵੀ ਦਿੱਤੇ ਹਨ। ਉਸ ਦਾ ਅਤੇ ਭਾਈ ਕਾਨ੍ਹ ਸਿੰਘ (ਦਰਅਸਲ ਪ੍ਰਦੁਮਣ ਸਿੰਘ ਬੱਡੋਂ) ਦੇ ਗੁਰਦੁਆਰਿਆਂ ਦੇ ਇਤਿਹਾਸ ਦਾ ਅੰਤ ਇਹ ਹੈ ਕਿ ਪ੍ਰਦੁਮਣ ਸਿੰਘ ਨੇ ਉਹੀ ਲਿਖ ਦਿੱਤਾ ਸੀ ਜੋ ਉਸ ਨੇ ਉਸ ਇਲਾਕੇ ਦੇ ਲੋਕਾਂ ਤੋਂ ਸੁਣਿਆ ਸੀ। ਦਿਲਗੀਰ ਨੇ ਹਰ ਇਕ ਗੁਰਦੁਆਰੇ ਦਾ ਇਤਿਹਾਸ ਚੰਗੀ ਤਰ੍ਹਾਂ ਘੋਖ ਕੇ ਲਿਖਿਆ ਅਤ ਇਸ ਵਿਚ ਕਾਲਪਨਿਕ ਗੱਲਾਂ ਅਤੇ ਗ਼ਲਤ ਜਾਣਕਾਰੀ ਨੂੰ ਰੱਦ ਕਰ ਕੇ ਅਸਲ ਇਤਿਹਾਸ ਪੇਸ਼ ਕੀਤਾ ਹੈ। ਉਸ ਨੇ ਬਹੁਤ ਸਾਰੇ ਗੁਰਦੁਆਰਿਆਂ ਦੇ ਇਤਿਹਾਸ ਬਾਰੇ ਗੁਰਦੁਆਰਿਆਂ 'ਤੇ ਲੱਗੇ ਬੋਰਡਾਂ ਵਿਚਲੀਆਂ ਭਿਆਨਕ ਗ਼ਲਤੀਆਂ ਸਬੰਧੀ ਵੀ ਲਿਖਿਆ ਹੈ।

(ਬਾਕੀ ਫੇਰ)

# HERITAGE

## The Chaar Sahibzaade: An Epic Journey of Bravery, Survival, in Sikhism

- Supreet Kaur (Sikh Education Belgium)



In the frosty breath of December, the tale of the Chaar Sahibzaade unfolds—a narrative marked by courage, betrayal, and unwavering faith. These four fearless sons of the tenth Sikh Guru, Guru Gobind Singh Ji, endured trials that not only shaped their era but also the heart of the Sikh religion.

The story commences in a period of uncertainty and political tensions as the Mughal rule threatened to suffocate the spiritual values and freedom of the Sikh community. Guru Gobind Singh Ji faced the challenge of defending his faith and inspiring his followers. Against the backdrop of resistance, his four sons—Baba Ajit Singh ji, Baba Jujhar Singh ji, Baba Zorawar Singh ji, and Baba Fateh Singh ji —emerged as the heroes of an epic narrative.

The tension builds as the young princes pay the price for their unwavering faith in the battles of Chamkaur Sahib and Sirhind. Yet, the true drama unfolds as they become entangled in the dark machinations of Wazir Khan, the Governor of Sirhind. Captured and confronted with a cruel choice between their faith and certain death, the Chaar Sahibzaade display astonishing resolve.

Why are they so significant? These four heroes are not merely historical figures; they are pillars of Sikh identity. Their unwavering faith and readiness to die for their convictions lend timeless strength to the Sikh religion. Their story is a living heritage pulsating not only in December but every day within the hearts of Sikhs.

However, the tale of the Chaar Sahibzaade is not just a reflection on bygone times. It is a living flame reignited in the spirit of people every December. Their legacy reminds us that resistance and faith are not anchored in the past but are living principles still relevant today.

Ultimately, the Chaar Sahibzaade are more than historical heroes—they are a timeless inspiration for bravery, survival, and the unwavering faith that illuminates even the darkest times. In December and beyond, we celebrate their story as a captivating compass urging us to navigate life with the same determination.

◆◆◆◆◆

## Harvard graduate, whose bad experience with dentist drove him to build India's largest dental chain



The idea of establishing Clove Dental, which is now India's largest dental chain, was birthed in 2010, when its founder, **Amarinder Singh**, visited a dental clinic with his wife in Delhi, and had a bad experience.

"I was at the clinic for a tooth filling, and everything was going fine till I had to rinse and spit. That's when I saw the drain was dirty and unhygienic, I was disgusted to see the rot there. That drove me to venture into the market," said Singh, who had recently shifted to India after a long stint in the US and Canada, and was looking for an opportunity in healthcare. Thus, in 2011, Clove Dental was born, which has now expanded into a nationwide 350+ clinic chain, with 35,000+ patients, and a turnover of over Rs 140 crore in 2019.

The company has scaled to new heights, as in November 2023, Qatar Investment Authority (QIA) invested $50 million ( Rs417 crore) in Investcorp-backed Global Dental Services, which runs Clove Dental.

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਸਭ ਤੋਂ ਵੱਡੇ ਸਾਹਿਬਜ਼ਾਦੇ ਦਾ ਨਾਮ ਦੱਸੋ।**

a. ਬਾਬਾ ਜੁਝਾਰ ਸਿੰਘ  b. ਬਾਬਾ ਅਜੀਤ ਸਿੰਘ
c. ਬਾਬਾ ਜੋਰਾਵਰ ਸਿੰਘ  d. ਬਾਬਾ ਫਤਿਹ ਸਿੰਘ

**2. ਸਬ ਤੋਂ ਛੋਟੇ ਸਾਹਿਬਜ਼ਾਦੇ ਦਾ ਨਾਮ ਦੱਸੋ।**

a. ਬਾਬਾ ਅਜੀਤ ਸਿੰਘ  b. ਬਾਬਾ ਜੋਰਾਵਰ ਸਿੰਘ
c. ਬਾਬਾ ਫ਼ਤਿਹ ਸਿੰਘ  d. ਬਾਬਾ ਜੁਝਾਰ ਸਿੰਘ

**3. ਕਿਹੜੇ ਸਾਹਿਬਜ਼ਾਦੇ ਨੀਹਾਂ ਵਿਚ ਚਿਣੇ ਗਏ ਸਨ?**

a. ਬਾਬਾ ਜੋਰਾਵਰ ਸਿੰਘ  b. ਬਾਬਾ ਜੁਝਾਰ ਸਿੰਘ
c. ਬਾਬਾ ਫ਼ਤਿਹ ਸਿੰਘ  d. A ਅਤੇ C ਦੋਵੇਂ

**4. ਕਿਹੜੇ ਸਾਹਿਬਜ਼ਾਦੇ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਏ?**

a. ਬਾਬਾ ਅਜੀਤ ਸਿੰਘ ਜੀ  b. ਬਾਬਾ ਜੁਝਾਰ ਸਿੰਘ ਜੀ
c. ਬਾਬਾ ਜੋਰਾਵਰ ਸਿੰਘ  d. A ਅਤੇ B ਦੋਵੇਂ

(ਦੇਖੋ ਉੱਤਰ ਪੰਨਾ 4 ’ਤੇ)

## CAREER COUNSELLING

# *Great Joy in Playing a Supporting Role*



Narinder Pal Singh

You Don't Have to Play to Win: The Power of Helping Others Succeed. The purpose of life is not only win, but to grow and share. While looking back at your life, you will get more satisfaction from the pleasure you have brought into other people's lives than you will from the times that you outdid and defeated them.

In the 1936 Berlin Olympics, Jesse Owens amazed the world by winning 4 gold medals in track and field events. However, his path to victory was not possible without selfless efforts of his coach, Larry Snyder. Despite many hurdles, Coach Larry Snyder trained Owens and believed in his potential when no one else would. He exemplifies that you don't have to personally win glory to feel fulfilled.

### Why Help Others

1. Creates a lasting positive impact beyond oneself
2. Builds bonds of trust, teamwork and community
3. Provides perspective - your problems seem smaller when you focus on helping others
4. Enables you to learn through teaching and mentoring
5. Gives a sense of meaning in making a difference in the world

### What Needs to be Done

1. Identify opportunities: This can include volunteering, mentoring, or simply offering a helping hand.
2. Be empathetic: Put yourself in the other person's shoes and try to understand their perspective.
3) Take action: Don't just talk about helping others, take action. Small acts of kindness can make a big difference in someone's life.

### How can you help others to Achieve Their Potential

1. Leverage your knowledge and expertise to train them on developing skills
2. Share your network. Connect them to opportunities and people who can aid their goals
3. Offer guidance to help them avoid mistakes you made on your journey
4. Be a listening ear when they feel discouraged. Motivate them.
5. Advocate for them and promote their talents where you have influence
6. Allow them to take the lead and shine while you play a supporting role
7. Facilitate friendships and peer support to build a team culture

### When to Guide & Support

1. If a team member is struggling, learning a new skill, working on a challenging project. Be a sounding board and offer feedback.

The world is driven by personal ambitions and individual victories. Remember, you don't have to play the game to win. Your legacy can be defined by the number of lives you've touched and the success you've inspired in others. The greatest victory lies in helping others reach their full potential.

A CANDLE LOSES NOTHING BY LIGHTING ANOTHER CANDLE

## SIKH MATRIMONIALS

Vegetarian, Non-Cutter/Non-Drinker Match Having Faith In Guru Granth Sahib Only For Gursikh Boy Done B. E. (Cs) From Delhi College Of Engineering 31/175, Earning Us $250000/- Pa Working In Usa. Please Contact Father +91 9953438686

Gursikh BDS girl doing job as Dental Surgeon 24/ 4'9" seeking match from Abroad/ India. Elder sister married in USA. Contact Mother +91 7404161609

Gursikh Girl 31/5'3"/MBA/Working in Infosys as SAP HANA Consultant/12 Lac/Faith in Guru Granth Sahib only/ Contact +91 8692990972

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. B 2. C 3. D 4. D

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Manmeet Kaur (UK), Taranpreet Singh (India), Gurpardeep Singh (Canada)



email: canadasikhtimes@gmail.com, M: +1 437 673 7555